ਖਰਬਾਂ ਦਾ ਗੋਲਕ ਬਜਟ ਹੈ। ਗੁਰੂ ਸਾਹਿਬ ਨੇ ਤਾਂ ਗੋਲਕ ਨੂੰ ਗਰੀਬਾਂ ਦਾ ਮੂੰਹ ਕਿਹਾ ਹੈ। ਇਹ ਗਰੀਬ ਦੇ ਮੂੰਹੋਂ ਗਰਾਹੀ ਕੱਢ ਕੇ ਗੋਲਕਾਂ 'ਚ ਪਾ ਰਹੇ ਹਨ। ਗੁਰੂ ਸਾਹਿਬਾਨ ਨਾਲ ਸਬੰਧਿਤ ਦਿਵਸਾਂ ਤੇ ਰੇਹੜੀਆਂ ਤੇ ਮਰੂੰਡਾ, ਗੱਚਕ, ਕਿੰਨੂ, ਮੂੰਗਫਲੀ, ਆਗਰੇ ਦਾ ਪੇਠਾ ਵੇਚਣ ਵਾਲੇ ਕੌਣ ਹੁੰਦੇ ਹਨ? ਬੱਚਿਆਂ ਲਈ ਗੁਬਾਰੇ ਵੇਚਣ ਵਾਲੇ ਵੀ ਗਰੀਬ ਹੁੰਦੇ ਹਨ ਪਰ ਗੁਰਦੁਆਰਿਆਂ ਦੀਆਂ ਪ੍ਰਬੰਧਕੀ ਕਮੇਟੀਆਂ ਪ੍ਰਤੀ ਵਰਗ ਫੁੱਟ ਥਾਂ ਇਕ ਦੋ ਦਿਨ ਲਈ ਵੇਚ ਕੇ ਪੈਸੇ ਬਟੋਰ ਰਹੀਆਂ ਹਨ। ਖੁਦ ਕਰੋੜਾਂ ਰੁਪਈਆ ਕਾਰਾਂ ਦੇ ਤੇਲ ਵਿਚ ਫੂਕ ਰਹੀਆਂ ਹਨ। ਕੋਈ ਦੱਸੇ ਤਾਂ ਸਹੀ ਇਸ ਵਰਤਾਰੇ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਕਿਹੜਾ ਸਿਧਾਂਤ ਅਮਲ 'ਚ ਲਿਆਂਦਾ ਹੈ। ਹਾਂ ਡਰਾਮੇਬਾਜੀ ਜ਼ਰੂਰ ਕਰ ਰਹੇ ਹਾਂ ਉਹ ਵੀ ਗੁਰੂ ਸਿਧਾਂਤ ਨਾਲ। ਗੁਰੂ ਨਾਨਕ ਦੇਵ ਜੀ ਨੇ 'ਬਲਿਹਾਰੀ ਕੁਦਰਤ ਵਸਿਆ' ਦਾ ਸੰਕਲਪ ਤੇ ਫੁੱਲ ਬੂਟਿਆਂ ਦੀ ਉਸਤਤ ਕੀਤੀ ਹੈ ਪਰ ਇਹ ਉਹ ਤੋੜ ਕੇ ਫੁੱਲਾਂ ਦੇ ਗਜਰੇ ਬਣਾ ਕੇ ਜਾਂ ਹਵਾਈ ਜਹਾਜ਼ਾਂ ਰਾਹੀਂ ਵਰਖਾ ਕਰਕੇ ਧੂੜ ਮਿੱਟੀ 'ਚ ਰੋਲ ਰਹੇ ਹਨ। ਗੁਰਪੁਰਬਾਂ ਤੇ ਪੰਜ ਪਿਆਰਿਆਂ ਦਾ ਸੁਆਂਗ ਰਚਾ ਕੇ ਨਗਰ ਕੀਰਤਨ ਕੱਢੇ ਜਾਂਦੇ ਹਨ। ਜੇ ਇਹਨਾਂ ਦੀ ਪੰਜਾਬ ਦੇ ਪਿੰਡਾਂ ਨਾਲ ਗੁਣਾਂ ਕੀਤੀ ਜਾਵੇ ਤਾਂ ਹਜ਼ਾਰਾਂ ਲੱਖਾਂ ਵਿਚ ਬਣਦੀ ਹੈ। ਫਿਰ ਦੱਸੋ ਕਿ ਇਹਨਾਂ ਵਿਚ ਕੋਈ ਭਾਈ ਦਇਆ ਸਿੰਘ ਵਰਗਾ, ਸਾਹਿਬ ਸਿੰਘ ਵਰਗਾ ਗੁਰੂ ਦਾ ਪਿਆਰਾ ਹੈ? ਜੇ ਨਹੀਂ ਤਾਂ ਫਿਰ ਦੀਵਾਲੀ ਤੋਂ ਪਹਿਲਾਂ ਰਾਮ, ਰਾਵਣ ਤੇ ਸੀਤਾ, ਲਛਮਣ, ਭਰਤ ਦੇ ਸੁਆਂਗ ਧਾਰਨ ਕਰਨ ਵਾਂਗ ਇਹਨਾਂ ਵਿਚ ਕੋਈ ਫਰਕ ਹੈ।

ਅਜੋਕੇ ਪੰਜ ਪਿਆਰੇ ਬਣਨ ਵਾਲੇ ਧੀਆਂ ਭੈਣਾਂ ਦੀਆਂ ਗਾਲਾਂ ਵੀ ਕੱਢਦੇ ਹਨ। ਝੂਠ ਵੀ ਬੋਲਦੇ ਹਨ, ਬੇਈਮਾਨੀ ਵੀ ਕਰਦੇ ਹਨ। ਕਈ ਡਰਾਈਫਰੂਟਾਂ ਵਰਗਾ ਜਿਵੇਂ ਕਿ ਭੁੱਕੀ ਅਫੀਮ ਵਰਗਾ ਨਸ਼ਾ ਵੀ ਕਰਦੇ ਹਨ। ਕਈ ਸ਼ਰਾਬ ਵੀ ਪੀਂਦੇ ਹਨ ਤੇ ਵੱਖ-ਵੱਖ ਪਾਰਟੀਆਂ ਦੇ ਪੰਥਕ ਦਾਸਾਂ ਦੀਆਂ ਪੂਛਾਂ ਵੀ ਬਣੇ ਹੋਏ ਹਨ। ਪੰਜਾਬ ਦੀ ਪੌਣੇ ਦੋ ਕਰੋੜ ਅਬਾਦੀ 'ਚੋਂ ਸਿਰਫ਼ 3-4% ਹੀ ਉੱਚ ਵਿਦਿਆ ਪ੍ਰਾਪਤ ਜੋ ਵਿਦੇਸ਼ਾਂ ਵੱਲ ਭੱਜ ਰਹੇ ਹਨ। ਚਪੜਾਸੀ ਦੀਆਂ 11 ਅਸਾਮੀਆਂ ਲਈ 11 ਹਜ਼ਾਰ ਪਹੁੰਚਦੇ ਹਨ ਜਿਨ੍ਹਾਂ 'ਚੋਂ ਐਮ.ਏ., ਐਮ.ਫਿਲ ਵੀ ਹੁੰਦੇ ਹਨ। ਜਿਸ ਸਮਾਜ ਵਿਚ ਡੇਰੇ ਦੇ ਸਾਧਾਂ ਦੀਆਂ ਜੁੱਤੀਆਂ ਨੂੰ ਮੱਥੇ ਟੇਕੇ ਜਾਂਦੇ ਹੋਣ, ਕਿਤਾਬਾਂ (ਗਿਆਨ) ਸੜਕਾਂ ਕਿਨਾਰੇ ਰੁਲ ਰਿਹਾ ਹੋਵੇ ਤੇ ਸੜਕ ਕਿਨਾਰੇ ਬਣੇ ਸ਼ਰਾਬ ਦੇ ਠੇਕਿਆਂ ਤੇ ਲਾਈਨ ਲੱਗੀ ਹੋਵੇ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤ ਦਾ ਪੰਜਾਬ ਹੋ ਹੀ ਨਹੀਂ ਸਕਦਾ। ਗੁਰੂ ਨਾਨਕ ਦੇਵ ਜੀ ਨੇ ਕਿਰਤੀ ਦੀ ਕਿਰਤ ਨੂੰ ਵਡਿਆਇਆ ਹੈ ਤੇ ਏਥੇ ਕਿਸੇ ਮੰਤਰੀ ਦੀ ਕਮਿਸ਼ਨ ਲੈ ਕੇ ਵੇਚੀ ਦਵਾਈ ਕਿਰਤ ਨੂੰ ਖਾ ਰਹੀ ਹੈ ਤੇ ਕਿਰਤੀ ਖੁਦਕਸ਼ੀਆਂ ਕਰ ਰਹੇ ਹਨ।

ਇਸੇ ਹਾਲਤ ਦਾ ਹੁਕਮਰਾਨ ਫਾਇਦਾ ਉਠਾ ਰਹੇ ਹਨ। ਸਿਆਸਤਦਾਨਾਂ ਦੇ ਇਕੱਠ ਲੋਕਾਂ ਉੱਪਰ ਹਕੂਮਤ ਕਰਨ ਵਾਲਿਆਂ ਵਜੀਦਿਆਂ ਦੇ ਇਕੱਠ ਹਨ। ਸੰਵੇਦਨਸ਼ੀਲ ਤੇ ਚਿੰਤਕ ਲੋਕ ਇਸ ਭੇਡਚਾਲ ਤੋਂ ਦੂਰ ਖੜ੍ਹੇ ਮੰਥਨ ਕਰ ਰਹੇ ਹਨ। ਅਕਲੋਂ ਖੁੰਢਾ ਮਨੁੱਖਾ ਕਦੇ ਨੀਲਿਆਂ ਤੇ ਜੂਨ ਸੁਧਰਨ ਦੀ ਆਸ ਲਗਾਉਂਦਾ ਹੈ ਕਦੇ ਪੰਜੇ ਵਾਲਿਆਂ ਤੇ ਕੋਈ ਹਾਥੀ ਵਾਲਿਆਂ ਤੇ ਕੋਈ ਆਮ ਆਦਮੀ ਦੇ ਝੁੰਡ ਤੋਂ ਆਸ ਲਗਾਈ ਬੈਠਾ ਹੈ। ਭਾਵੇਂ ਕੋਈ ਵੀ ਜਾਵੇ ਆਮ ਮਨੁੱਖ ਦੇ ਪੱਲੇ ਤਾਂ ਤਿੰਨ ਕਾਣੇ ਹੀ ਪੈਣੇ ਹਨ। ਕਿਸੇ ਵੀ ਧਿਰ ਨੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਗੱਲ ਕੀਤੀ ਹੈ? ਅਸੀਂ ਸਿਰਫ਼ ਵਧਾਈ ਦੇਣ ਤੱਕ ਸੀਮਤ ਹੋ ਕੇ ਰਹਿ ਗਏ ਹਾਂ ਜਿਵੇਂ ਵਿਸਾਖੀ ਦੀਆਂ ਵਧਾਈਆਂ ਹੋਣ, ਗੁਰਪੁਰਬ ਦੀਆਂ ਵਧਾਈਆਂ ਹੋਣ, ਦੀਵਾਲੀ ਦੀਆਂ ਵਧਾਈਆਂ ਹੋਣ, ਬੰਦੀ ਛੋੜ ਦੀਆਂ ਵਧਾਈਆਂ ਹੋਣ। ਏਹੀ ਕੁਝ ਟੈਲੀਵਿਜ਼ਨ ਕਰ ਰਿਹਾ ਹੈ ਤੇ ਜਾਂ ਫਿਰ ਵੱਖ-ਵੱਖ ਸਿਆਸਤਦਾਨਾਂ ਦੀ ਇਕ ਦੂਜੇ ਤੇ ਚਿੱਕੜ ਉਛਾਲੀ ਦਾ ਸਿੱਧਾ ਪ੍ਰਸਾਰਨ ਦਿਖਾ ਰਿਹਾ ਹੈ। ਦਸਮੇਸ਼ ਪਿਤਾ ਤੇ ਉਸ ਦੇ ਸਿਧਾਂਤ ਇਸ ਮੁਕੱਦਸ (ਪਵਿੱਤਰ) ਦਿਨ ਤੇ ਉਸਦੇ ਸਿਧਾਂਤਾਂ ਦੀ ਗੱਲ ਨਾ ਕਰਨੀ ਦਸਮੇਸ਼ ਪਿਤਾ ਨਾਲ ਧ੍ਰੋਹ ਹੈ। ਗੁਰੂ ਸਾਹਿਬ ਨੇ ਤਾਂ ਜਾਤ-ਪਾਤ ਦੇ ਖਾਤਮੇ ਦਾ ਸੰਕਲਪ ਦਿੱਤਾ ਸੀ ਤੇ ਅਜੋਕੀ ਸਰਕਾਰ ਤਾਂ ਜਾਤ-ਪਾਤ ਦੇ ਅਧਾਰ ਤੇ ਬਣੀਆਂ ਸਮਸ਼ਾਨਘਾਟਾਂ ਵੀ ਇਕ ਨਹੀਂ ਕਰ ਸਕੀ। ਸਗੋਂ ਮਜ਼ਬੀ ਸਿੱਖਾਂ ਦੀਆਂ ਸਮਸ਼ਾਨਾਂ ਨੂੰ ਵੋਟਾਂ ਖਾਤਰ ਕਰੋੜਾਂ ਦੀਆਂ ਗ੍ਰਾਂਟਾਂ ਵੰਡ ਚੁੱਕੀ ਹੈ। ਤੁਹਾਡੀ ਪਾਰਖੂ ਨਿਗਾਹ 'ਚ ਗਨੀ ਖਾਂ-ਨਬੀ ਖਾਂ, ਬੁੱਧੂ ਸ਼ਾਹ ਵਰਗੇ ਇਸਲਾਮ ਧਾਰਨੀ ਹੁੰਦੇ ਹੋਏ ਵੀ ਸਿੱਖ ਸਿਧਾਂਤਾਂ ਲਈ ਲੜਨ ਵਾਲੇ ਸਿੰਘ ਸੂਰਮੇ ਸਨ। ਭਾਈ ਜੀਵਨ ਸਿੰਘ ਰੰਘਰੇਟੇ ਨੂੰ ਤੁਸਾਂ ਗੁਰੂ ਕੇ ਬੇਟੇ ਦਾ ਦਰਜਾ ਦਿੱਤਾ ਜਦ ਕਿ ਹੁਕਮਰਾਨ ਉਹਨਾਂ ਨੂੰ ਰਾਮਦਾਸੀਏ ਸਿੱਖ, ਮਜ਼ਬੀ ਸਿੱਖ, ਬੌਰੀਏ ਸਿੱਖ, ਨਾਈਂ ਸਿੱਖ, ਜੁਲਾਹੇ ਸਿੱਖ, ਤਰਖਾਣ ਸਿੱਖ, ਪਰਜਾਪਤ (ਘੁਮਿਆਰ) ਸਿੱਖਾਂ ਵਿਚ ਵੰਡੀ ਬੈਠੇ ਹਨ। ਜਦਕਿ ਇਹ ਸਾਰੇ ਕਿਰਤੀ ਮਨੁੱਖ ਹਨ।

ਇਸ ਤਰ੍ਹਾਂ 316 ਸਾਲਾਂ ਬਾਅਦ ਵੀ ਉਹਨਾਂ ਤੁਹਾਡਾ ਇਹ ਸਿਧਾਂਤ ਘੱਟੇ ਰੋਲ ਦਿੱਤਾ ਹੈ। ਇਹਨਾਂ ਬੱਜਰ ਕੁਰਹਿਤਾਂ ਨੂੰ ਮਹਿਸੂਸ ਕਰਕੇ, ਹਲਾਤ ਦੇਖ ਕੇ ਇਹ ਲਿਖਣਾ ਪੈ ਰਿਹਾ ਹੈ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਕੀ ਲਗਦੇ ਹਾਂ? ਦੋਸਤ ਜਾਂ ਦੁਸ਼ਮਣ ਆਓ ਇਸ ਮੁਕੱਦਸ ਦਿਨ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਗੁਰਪੁਰਬਾਂ ਤੇ ਸਿਰ ਜੋੜ ਕੇ ਮੰਥਨ ਕਰੀਏ ਤੇ ਇਹਨਾਂ ਪਵਿੱਤਰ ਦਿਹਾੜਿਆਂ 'ਤੇ ਸਿਆਸੀ ਦੂਸ਼ਣਬਾਜੀ ਕਰਨ ਵਾਲੇ ਵੋਟ ਦੌਲਿਆਂ ਤੋਂ ਸਿੱਖ ਇਹਿਾਸ ਦੀ ਅਤੇ ਉਸ ਦੇ ਸਿਧਾਂਤਾਂ ਦੀ ਰੱਖਿਆ ਕਰਕੇ ਇਸ ਵਿਚ ਦਿਨੋ-ਦਿਨ ਪਸਰ ਰਹੀ ਕਾਂਗਿਆਰੀ ਤੋਂ ਬਚਾਈਏ।

# ਗੁਰਦੁਆਰਾ ਚੰਦ ਪੁਰਾਣਾ ਵਿਖੇ ਹਮੇਸ਼ਾਂ ਲੋੜਵੰਦਾਂ ਦੀ ਸਹਾਇਤਾ ਕੀਤੀ ਗਈ ਹੈ-ਬਾਬਾ ਗੁਰਦੀਪ ਸਿੰਘ



**ਚੰਦ ਪੁਰਾਣਾ/ ਮਵਦੀਲਾ ਬਿਓਰੋ**

ਸਿੱਖੀ ਦੇ ਪ੍ਰਚਾਰ ਅਤੇ ਮਾਨਵਤਾ ਦੀ ਭਲਾਈ ਨੂੰ ਸਮਰਪਿਤ ਅਤੇ ਮਾਲਵੇ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ ਵਿਖੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਵੱਲੋਂ ਪੋਹ ਦੀ ਸੰਗਰਾਦ ਮੌਕੇ ਮਹੀਨਾਵਾਰ ਰਾਸ਼ਨ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਬਾਬਾ ਗੁਰਦੀਪ ਸਿੰਘ ਨੇ ਸੱਚ ਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਵੱਲੋਂ ਅਰੰਭੇ ਮਿਸ਼ਨ 'ਤੇ ਚੱਲਦੇ ਹੋਇਆਂ 350 ਲੋੜਵੰਦ ਪਰਿਵਾਰਾਂ ਨੂੰ ਮਹੀਨੇ ਭਰ ਦੇ ਰਾਸ਼ਨ ਦੀਆਂ ਕਿੱਟਾਂ ਆਪਣੇ ਕਰ ਕਮਲਾਂ ਨਾਲ ਵੰਡੀਆਂ ਅਤੇ ਇਸ ਮੌਕੇ ਬਾਬਾ ਗੁਰਦੀਪ ਸਿੰਘ ਨੇ ਕਿਹਾ ਕਿ ਇਸ ਅਸਥਾਨ ਵੱਲੋਂ ਹਮੇਸ਼ਾਂ ਲੋੜਵੰਦਾਂ ਦੀ ਸਹਾਇਤਾ ਕੀਤੀ ਗਈ ਹੈ।

ਇਸ ਮੌਕੇ ਬਾਬਾ ਗੁਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਮਾਨਵਤਾ ਦੀ ਭਲਾਈ ਅਤੇ ਸਿੱਖੀ ਦੇ ਪ੍ਰਚਾਰ ਲਈ ਅਰੰਭੇ ਮਿਸ਼ਨ ਨੂੰ ਭਵਿੱਖ ਵਿਚ ਜਾਰੀ ਰੱਖਿਆ ਜਾਵੇਗਾ ਅਤੇ ਹੋਰ ਵੀ ਸਮਾਜ ਸੇਵਾ ਦੇ ਕਾਰਜ ਅਰੰਭੇ ਜਾਣਗੇ। ਇਸ ਮੌਕੇ ਸੂਬਾ ਸਿੰਘ ਬੀੜ ਚੜਿਕ, ਤਰਲੋਕ ਸਿੰਘ ਸਿੰਘਾਂ ਵਾਲਾ, ਸੱਖਾ ਸਿੰਘ ਮੋਗਾ, ਬਿੱਲੂ ਸਿੰਘ, ਅਜਮੇਰ ਸਿੰਘ ਚੰਦ ਪੁਰਾਣਾ, ਡਾ. ਅਵਤਾਰ ਸਿੰਘ, ਦਰਸ਼ਨ ਸਿੰਘ ਦਮਦਮਾ ਸਾਹਿਬ, ਸੂਬਾ ਸਿੰਘ ਭਲੂਰ, ਕੁਲਵਿੰਦਰ ਸਿੰਘ ਹੌਲਦਾਰ, ਭਾਈ ਚਮਕੌਰ ਸਿੰਘ ਚੰਦ ਪੁਰਾਣਾ ਅਤੇ ਹੋਰ ਸੇਵਕਾਂ ਨੇ ਵੀ ਇਸ ਮੌਕੇ ਸੇਵਾਵਾਂ ਨਿਭਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

# ਬਾਬਾ ਦਰਸ਼ਨ ਸਿੰਘ "ਹੀਰਾ ਦਾਸ" ਜੀ ਪਿੰਗਲਵਾੜੇ ਵਾਸਤੇ ਕੰਬਲ ਭੇਟ ਕੀਤੇ



**ਮੋਗਾ/ ਮਵਦੀਲਾ ਬਿਓਰੋ**

ਹੀਰਾ ਝਿੜੀ ਡਾਲਾ ਦੇ ਮੁੱਖ ਸੇਵਾਦਾਰ ਬਾਬਾ ਦਰਸ਼ਨ ਸਿੰਘ "ਹੀਰਾ ਦਾਸ" ਜੀ ਨੇ ਅੰਮ੍ਰਿਤਸਰ ਸਾਹਿਬ ਦੇ ਪਿੰਗਲਵਾੜੇ ਵਾਸਤੇ ਕੰਬਲ ਦੀਆਂ ਅੱਠ ਗੰਡਾ ਰਵਾਨਾ ਕੀਤੀਆ ਗਈਆਂ।

ਹੀਰਾ ਝਿੜੀ ਡੇਰਾ ਸੈਦੋਆਣਾ ਪਿੰਡ ਡਾਲਾ ਵਿਖੇ ਅੰਮ੍ਰਿਤਸਰ ਸਾਹਿਬ ਦੇ ਪਿੰਗਲਵਾੜੇ ਵਾਸਤੇ ਕੰਬਲ ਦੀਆਂ ਗੰਡਾ ਰਵਾਨਾ ਕਰਨ ਸਮੇਂ ਹੀਰਾ ਝਿੜੀ ਡਾਲਾ ਦੇ ਮੁੱਖ ਸੇਵਾਦਾਰ ਬਾਬਾ ਦਰਸ਼ਨ ਸਿੰਘ "ਹੀਰਾ ਦਾਸ" ਜੀ ਨੇ ਆਖਿਆ ਕਿ ਲੋੜਵੰਦਾਂ ਦੀ ਮੱਦਦ ਕਰਨਾ ਸਾਡਾ ਧਰਮ ਅਤੇ ਸਾਡਾ ਫਰਜ਼ ਹੈ, ਨੇਕੀ ਦੇ ਇਸ ਕੰਮ ਵਿੱਚ ਜੋ ਵੀ ਯੋਗਦਾਨ ਪਾਇਆ ਜਾਵੇ ਸਾਨੂੰ ਤਿਲਫੁੱਲ ਜ਼ਰੂਰ ਜ਼ਰੂਰਤਮੰਦਾਂ ਲਈ ਦਾਨ ਕਰਨਾ ਚਾਹੀਦਾ ਹੈ।

ਇਸ ਮੌਕੇ ਸੰਗਤਾ ਸਮੇਤ ਬੂਟਾ ਸਿੰਘ, ਸੇਵਾਦਾਰ ਹਰਮੇਲ ਸਿੰਘ ਮੇਲ, ਬਸੰਤ ਸਿੰਘ, ਗਿਆਨੀ ਜੋਰਾ ਸਿੰਘ, ਜਸਵਿੰਦਰ ਸਿੰਘ, ਕਮਲਜੀਤ ਸਿੰਘ, ਅਮਰਜੀਤ ਸਿੰਘ ਖੁਖਰਾਣਾ, ਮਹਿਕ ਵਤਨ ਦੀ ਲਾਈਵ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਆਦਿ ਮੁੱਖ ਤੌਰ 'ਤੇ ਹਾਜ਼ਰ ਸਨ।

# ਬਾਬਾ ਝੁੱਗੀ ਵਾਲਿਆਂ ਦਾ ਜੋੜ ਮੇਲਾ ਸੰਗਤਾਂ ਵੱਲੋਂ ਸ਼ਰਧਾ ਪੂਰਵਕ ਮਨਾਇਆ



ਜੋੜ ਮੇਲੇ ਦੀਆਂ ਝਲਕੀਆਂ। ਤਸਵੀਰ: ਨਿਰਮਲ ਸਿੰਘ ਕਾਲੜਾ

**ਕੋਟ ਈਸੇ ਖਾਂ/ ਨਿਰਮਲ ਸਿੰਘ ਕਾਲੜਾ**

ਸੰਤ ਬਾਬਾ ਤੁਲਸੀ ਦਾਸ ਜੀ ਝੁੱਗੀ ਵਾਲਿਆਂ ਦੀ 43ਵੀਂ ਬਰਸੀ ਉਨ੍ਹਾਂ ਦੇ ਤਪ ਅਸਥਾਨ ਦੌਲੇਵਾਲਾ ਵਿਖੇ ਬਾਬਾ ਅਵਤਾਰ ਸਿੰਘ ਫੌਜੀ ਦੀ ਅਗਵਾਈ ਹੇਠ ਇਲਾਕੇ ਦੀਆਂ ਸੰਗਤਾਂ ਵੱਲੋਂ ਸ਼ਰਧਾ ਪੂਰਵਕ ਮਨਾਈ ਗਈ।

ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਪਵਿੱਤਰ ਸਰੋਵਰ ਵਿਚ ਇਸਨਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਬਾਬਾ ਜੀ ਦੇ ਤਪ ਅਸਥਾਨ 'ਤੇ ਨਤਮਸਤਕ ਹੋਈਆਂ। ਇਸ ਸਬੰਧ ਵਿਚ ਪ੍ਰਕਾਸ਼ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਦੀਵਾਨ ਸਜਾਏ ਗਏ। ਜਿੰਨ੍ਹਾਂ 'ਚ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲੇ, ਭਾਈ ਮਨਿੰਦਰ ਸਿੰਘ, ਭਾਈ ਕੁਲਜੀਤ ਸਿੰਘ ਦਿਲਬਰ, ਭਾਈ ਵਿਸ਼ਾਲ ਸਿੰਘ ਕਥਾਵਾਚਕ, ਗਿਆਨੀ ਗੁਰਵੰਤ ਸਿੰਘ ਕਥਾਵਾਚਕ ਆਦਿ ਜਥਿਆਂ ਨੇ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ। ਇਨ੍ਹਾਂ ਤੋਂ ਇਲਾਵਾ ਸੰਤ ਬਾਬਾ ਮਹਿੰਦਰ ਸਿੰਘ ਜਨੇਰ ਵਾਲੇ, ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ ਵਾਲੇ, ਬਾਬਾ ਸੁੰਦਰ ਦਾਸ ਆਦਿ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਵੀ ਸ਼ਿਰਕਤ ਕੀਤੀ। ਸਮਾਜ ਸੇਵੀਆਂ ਵੱਲੋਂ ਦਵਾਈਆਂ, ਜੋੜਾ ਘਰ, ਸਕੂਟਰ, ਕਾਰਾਂ ਆਦਿ ਦਾ ਪਾਰਕਿੰਗ ਦਾ ਵਧੀਆ ਪ੍ਰਬੰਧ ਕੀਤਾ ਹੋਇਆ ਸੀ। ਇਸ ਸਮੇਂ ਬਾਬਾ ਅਵਤਾਰ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਬਾਬਾ ਜੀ ਦੇ ਨਵੇਂ ਬਣ ਰਹੇ ਅੰਗੀਠਾ ਸਾਹਿਬ ਦੀ ਇਮਾਰਤ 'ਤੇ ਤਨ, ਮਨ, ਧਨ ਨਾਲ ਸੇਵਾ ਕਰੋ।

ਇਸ ਸਮੇਂ ਰਾਮਜੀਤ ਸਿੰਘ ਮਰਾੜ ਕਲਾ, ਬੀ.ਡੀ.ਓ. ਜਗੀਰ ਸਿੰਘ, ਹਰਚਰਨ ਸਿੰਘ, ਦਲਜੀਤ ਸਿੰਘ ਬਿੱਟੂ, ਮਦਨ ਲਾਲ ਸੀਕਰੀ, ਕੁਮਾਰ ਸਿੰਘ ਪੰਜਾਬ ਪੁਲਿਸ, ਜਸਵੰਤ ਸਿੰਘ ਫਰੀਦਕੋਟ, ਬਾਬਾ ਜਗਤ ਸਿੰਘ, ਸੁਬੇਗ ਸਿੰਘ ਨੰਬਰਦਾਰ, ਡਾ: ਗੁਰਦੇਵ ਸਿੰਘ ਮਨੇਸ਼, ਅੰਗਰੇਜ਼ ਸਿੰਘ ਠੇਕੇਦਾਰ, ਬੂਟਾ ਸਿੰਘ ਖਜ਼ਾਨਚੀ, ਬਾਬਾ ਜਗਤਾਰ ਸਿੰਘ, ਡਾ: ਬਾਜ ਸਿੰਘ, ਬਲਦੇਵ ਸਿੰਘ, ਬਲਵਿੰਦਰ ਸਿੰਘ ਫੌਜੀ, ਹਰਦੀਪ ਸਿੰਘ, ਹਰਬੰਸ ਸਿੰਘ ਆਦਿ ਸੰਗਤਾਂ ਹਾਜ਼ਰ ਸਨ।